# ਵਰਲਡ ਪੰਜਾਬੀ ਟਾਈਮਜ਼
WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times | 04 ਦਸੰਬਰ 2025 ਦਿਨ ਵੀਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਸਰੀ ਵਿੱਚ ਸੇਵਾਵਾਂ ਦੀ ਘਾਟ ਦਾ ਮਸਲਾ ਵਿਧਾਨ ਸਭਾ ਵਿੱਚ ਗੂੰਜਿਆ – ਐਮਐਲਏ ਮਨਦੀਪ ਧਾਲੀਵਾਲ ਨੇ ਤਿੱਖੇ ਸਵਾਲਾਂ ਨਾਲ ਪ੍ਰੀਮੀਅਰ ਡੇਵਿਡ ਏਬੀ ਨੂੰ ਘੇਰਿਆ

ਵਰਲਡ ਪੰਜਾਬੀ ਟਾਈਮਜ਼ – ਹਰਦਮ ਮਾਨ




ਵਿਕਟੋਰੀਆ, 04 ਦਸੰਬਰ : ਬ੍ਰਿਟਿਸ਼ ਕੋਲੰਬੀਆ ਦੀ ਵਿਧਾਨ ਸਭਾ ਵਿੱਚ ਅੱਜ ਸਵਾਲ-ਜਵਾਬ ਪੀਰੀਅਡ ਦੌਰਾਨ ਸਰੀ ਦੇ ਐਮਐਲਏ ਮਨਦੀਪ ਧਾਲੀਵਾਲ ਨੇ ਸਖ਼ਤ ਲਹਿਜ਼ੇ ਵਿੱਚ ਸੂਬਾਈ ਸਰਕਾਰ ਤੋਂ ਪੁੱਛਿਆ ਕਿ ਜਦੋਂ ਸਰੀ ਦੀ ਅਬਾਦੀ ਵੈਨਕੂਵਰ ਦੇ ਬਰਾਬਰ ਹੈ ਅਤੇ ਦੋਵੇਂ ਹੀ ਸ਼ਹਿਰਾਂ ਦੇਵਸਨੀਕ ਇੱਕੋ ਜਿਹੇ ਟੈਕਸ ਭਰਦੇ ਹਨ, ਤਾਂ ਸਰੀ ਨੂੰ ਬੁਨਿਆਦੀ ਸੇਵਾਵਾਂ ਘੱਟ ਕਿਉਂ ਮਿਲਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਮਸਲਾ ਸਿਰਫ਼ ਗਿਣਤੀ ਦਾ ਨਹੀਂ, ਲੋਕਾਂ ਦੀ ਸੁਰੱਖਿਆ, ਸਿਹਤ ਅਤੇ ਭਵਿੱਖ ਨਾਲ ਸਿੱਧਾ ਜੁੜਿਆ ਹੋਇਆ ਹੈ। ਉਨ੍ਹਾਂ ਨੇ ਅੰਕੜਿਆਂ ਸਮੇਤ ਦੋਨੋਂ ਸ਼ਹਿਰਾਂ ਦੀ ਤੁਲਨਾ ਸਪਸ਼ਟ ਤੌਰ 'ਤੇ ਪੇਸ਼ ਕੀਤੀ:

· ਸਰੀ: 608 ਪੁਲਿਸ ਅਫਸਰ
ਵੈਨਕੂਵਰ: 1,452 ਪੁਲਿਸ ਅਫਸਰ

· ਸਰੀ: 400 ਡਾਕਟਰ
ਵੈਨਕੂਵਰ: 900 ਡਾਕਟਰ

· ਸਰੀ: ਇੱਕ ਹਸਪਤਾਲ, 671 ਬਿਸਤਰੇ
ਵੈਨਕੂਵਰ: ਚਾਰ ਹਸਪਤਾਲ, 1,900 ਤੋਂ ਵੱਧ ਬਿਸਤਰੇ

· ਸਰੀ: 100 ਤੋਂ ਵੱਧ ਧਮਕੀ ਦੇ ਕੇ ਪੈਸੇ ਮੰਗਣ (Extortion) ਦੀਆਂ ਰਿਪੋਰਟਾਂ
ਵੈਨਕੂਵਰ: 0

ਸ. ਧਾਲੀਵਾਲ ਨੇ ਸਵਾਲ ਉਠਾਇਆ ਕਿ ਆਖ਼ਰ ਕਿਉਂ ਸਰੀ ਵਰਗਾ ਤੇਜ਼ੀ ਨਾਲ ਵਧਦਾ ਸ਼ਹਿਰ ਲਗਾਤਾਰ ਪਿੱਛੇ ਧੱਕਿਆ ਜਾ ਰਿਹਾ ਹੈ, ਜਦੋਂਕਿ ਵੈਨਕੂਵਰ ਨੂੰ ਕਾਫ਼ੀ ਵੱਧ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ।

ਜਵਾਬ ਵਿੱਚ ਪ੍ਰੀਮੀਅਰ ਡੇਵਿਡ ਏਬੀ ਨੇ ਇਹ ਕਹਿ ਕੇ ਗੱਲ ਟਾਲਣ ਦੀ ਕੋਸ਼ਿਸ਼ ਕੀਤੀ ਕਿ ਸਰੀ ਕੋਲ ਇਸ ਵੇਲੇ ਇਤਿਹਾਸਕ ਤੌਰ 'ਤੇ ਸਭ ਤੋਂ ਵੱਧ ਪੁਲਿਸ ਅਫਸਰ ਹਨ। ਸ. ਧਾਲੀਵਾਲ ਨੇ ਇਸ ਬਿਆਨ ਨੂੰ ਅਸਲ ਮੁੱਦੇ ਤੋਂ ਭਟਕਾਉਣਾ ਦੱਸਦਿਆਂ ਕਿਹਾ ਕਿ ਕੀ ਇਹ ਜਵਾਬ ਸਰੀ ਦੇ ਲੋਕਾਂ ਨੂੰ ਸੁਰੱਖਿਆ ਮਹਿਸੂਸ ਕਰਵਾ ਸਕਦਾ ਹੈ? ਪੁਲਿਸ ਦੀ ਗਿਣਤੀ ਵਧ ਜਾਣਾ ਕੋਈ ਜਿੱਤ ਨਹੀਂ—ਇਹ ਸਾਲਾਂ ਦੀ ਕਮੀ ਦਾ ਸਬੂਤ ਹੈ।

ਉਨ੍ਹਾਂ ਦਾ ਕਹਿਣਾ ਸੀ ਕਿ ਸਰੀ ਨੂੰ ਹੋਰ ਪੁਲਿਸ ਇਸ ਲਈ ਚਾਹੀਦੀ ਹੈ ਕਿਉਂਕਿ ਸੂਬਾਈ ਸਰਕਾਰ ਪਿਛਲੇ ਕਈ ਸਾਲਾਂ ਤੋਂ ਯੋਗ ਪੁਲਿਸਿੰਗ ਦੇਣ ਵਿੱਚ ਨਾਕਾਮ ਰਹੀ। ਉਨ੍ਹਾਂ ਕਿਹਾ ਕਿ ਸਰੀ ਵਿੱਚ ਵਧ ਰਹੀ ਬਦਮਾਸ਼ੀ ਅਤੇ ਧਮਕੀ ਵਾਲੇ ਮਾਮਲੇ ਸੂਬਾਈ ਲਾਪਰਵਾਹੀ ਦਾ ਨਤੀਜਾ ਹਨ।

ਮਨਦੀਪ ਧਾਲੀਵਾਲ ਨੇ ਪ੍ਰੀਮੀਅਰ ਏਬੀ ਨੂੰ ਸਰੀ ਆ ਕੇ ਲੋਕਾਂ ਨਾਲ ਸਿੱਧਾ ਸੰਪਰਕ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਨੇ ਕਿਹਾ ਕਿ ਪ੍ਰੀਮੀਅਰ ਸਾਹਿਬ, ਸਰੀ ਵਿਚ ਜਾ ਕੇ ਉਹਨਾਂ ਪਰਿਵਾਰਾਂ ਅਤੇ ਕਾਰੋਬਾਰੀਆਂ ਨੂੰ ਮਿਲੋ ਜੋ ਇਸ ਨਾਕਾਮ ਪੁਲਿਸਿੰਗ ਸਿਸਟਮ ਦਾ ਖ਼ਮਿਆਜ਼ਾ ਹਰ ਰੋਜ਼ ਭੁਗਤ ਰਹੇ ਹਨ।

ਉਨ੍ਹਾਂ ਨੇ ਜ਼ੋਰ ਦੇ ਕੇ ਕਿਹਾ ਕਿ ਸਰੀ ਦੇ ਵਸਨੀਕ ਹਕੀਕਤ ਜਾਣਦੇ ਹਨ ਅਤੇ ਰਾਜਨੀਤਕ ਬਿਆਨਾਂ ਨਾਲ ਉਹਨਾਂ ਦੇ ਤਜਰਬੇ ਨਹੀਂ ਬਦਲ ਸਕਦੇ।

ਅੰਤ ਵਿੱਚ ਸ. ਧਾਲੀਵਾਲ ਨੇ ਤਿੱਖਾ ਪ੍ਰਸ਼ਨ ਕੀਤਾ ਕਿ "ਹੋਰ ਕਿੰਨਾ ਸਮਾਂ ਲੱਗੇਗਾ ਜਦੋਂ ਪ੍ਰੀਮੀਅਰ ਏਬੀ ਇਹ ਮੰਨਣਗੇ ਕਿ ਸਰੀ ਨੂੰ ਬੀ.ਸੀ. ਸਰਕਾਰ ਵੱਲੋਂ ਲੰਬੇ ਸਮੇਂ ਤੋਂ ਨਜ਼ਰਅੰਦਾਜ਼ ਕੀਤਾ ਗਿਆ ਹੈ?"

## ਲੋਕ ਸੰਪਰਕ ਪੰਜਾਬ ਦੇ ਹੀਰੇ' ਪੁਸਤਕ ਜੀ.ਆਰ.ਕੁਮਰਾ ਨੂੰ ਭੇਂਟ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 4 ਦਸੰਬਰ : 'ਲੋਕ ਸੰਪਰਕ ਪੰਜਾਬ ਦੇ ਹੀਰੇ' ਪੁਸਤਕ ਪਟਿਆਲਾ ਜਿਲ੍ਹੇ ਦੇ ਸੇਵਾ ਮੁਕਤ ਮੁਲਾਜ਼ਮਾਂ ਦੀ ਵੈਲਫ਼ੇਅਰ ਐਸੋਸੀਏਸ਼ਨ ਦੀ ਮਾਸਕ ਮੀਟਿੰਗ ਵਿੱਚ ਪੁਸਤਕ ਦੇ ਲੇਖਕ ਉਜਾਗਰ ਸਿੰਘ ਨੇ ਲੋਕ ਸੰਪਰਕ ਪੰਜਾਬ ਦੇ ਸੇਵਾ ਮੁਕਤ ਮੁਲਾਜ਼ਮਾਂ ਵਿੱਚੋਂ ਸਭ ਤੋਂ ਸੀਨੀਅਰ ਮੈਂਬਰ ਜੀ.ਆਰ.ਕੁਮਰਾ ਨੂੰ ਭੇਂਟ ਕੀਤੀ। ਇਸ ਪੁਸਤਕ ਵਿੱਚ ਲੋਕ ਸੰਪਰਕ ਪੰਜਾਬ ਦੇ 71 ਮੈਂਬਰਾਂ ਦੀ ਕਾਰਗੁਜ਼ਾਰੀ ਬਾਰੇ ਜਾਣਕਾਰੀ ਦਰਜ ਹੈ, ਜਿਨ੍ਹਾਂ ਨੇ ਆਪਣੀ ਨੌਕਰੀ ਦੌਰਾਨ ਲੋਕ ਸੰਪਰਕ ਵਿਭਾਗ ਵਿੱਚ ਬਿਹਤਰੀਨ ਕੰਮ ਕਰਨ ਤੋਂ ਇਲਾਵਾ ਹੋਰ ਖੇਤਰਾਂ ਵਿੱਚ ਮਹੱਤਵਪੂਰਨ ਪ੍ਰਾਪਤੀਆਂ ਕਰਕੇ ਵਿਭਾਗ ਦਾ ਨਾਮ ਰੌਸ਼ਨ ਕੀਤਾ ਹੈ। ਜੀ.ਆਰ.ਕੁਮਰਾ ਉਨ੍ਹਾਂ ਮੈਂਬਰਾਂ ਵਿੱਚੋਂ ਸਭ ਤੋਂ ਸੀਨੀਅਰ ਹਨ, ਜਿਨ੍ਹਾਂ ਨੇ ਆਪਣੀ ਨੌਕਰੀ ਦੌਰਾਨ ਵਚਨਬੱਧਤਾ ਨਾਲ ਫਰਜ਼ ਨਿਭਾਉਂਦਿਆਂ ਨਾਮਣਾ ਖੱਟਿਆ ਹੈ। ਇਸ ਮੌਕੇ 'ਤੇ ਜਿਲ੍ਹਾ ਪਟਿਆਲਾ ਦੇ ਸੇਵਾ ਮੁਕਤ ਮੁਲਾਜ਼ਮਾ ਦੀ ਵੈਲਫੇਅਰ ਅਸੋਸੀਏਸ਼ਨ ਦੇ ਪ੍ਰਧਾਨ ਸੁਰਜੀਤ ਸਿੰਘ ਸੈਣੀ ਨੇ ਕਿਹਾ ਕਿ ਜੀ.ਆਰ.ਕੁਮਰਾ ਸਿਰੜ੍ਹੀ, ਮਿਹਨਤੀ, ਦ੍ਰਿੜ੍ਹ ਇਰਾਦੇ ਤੇ ਇਮਾਨਦਾਰੀ ਨਾਲ ਆਪਣੇ ਫ਼ਰਜ਼ ਨਿਭਾਉਣ ਦਾ ਮਾਹਿਰ ਗਿਣਿਆਂ ਜਾਂਦਾ ਹੈ। ਸੁਰਜੀਤ ਸਿੰਘ ਦੁੱਖੀ ਅਤੇ ਕੁਲਜੀਤ ਸਿੰਘ ਸਾਬਕਾ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਵੀ ਤਸਵੀਰ ਵਿੱਚ ਖੜ੍ਹੇ ਹਨ, ਜਿਨ੍ਹਾਂ ਨੇ ਜੀ.ਆਰ.ਕੁਮਰਾ ਦੀ ਬਿਹਤਰੀਨ ਕਾਰਗੁਜ਼ਾਰੀ ਦੀ ਪ੍ਰਸ਼ੰਸਾ ਕੀਤੀ।

## ਮਹਾਨਤਾ

ਵਰਲਡ ਪੰਜਾਬੀ ਟਾਈਮਜ਼ – ਪ੍ਰੋ. ਨਵ ਸੰਗੀਤ ਸਿੰਘ



ਇੱਕ ਵਾਰ ਇੱਕ ਰਾਜਾ ਸੰਤਾਂ ਅਤੇ ਰਿਸ਼ੀ-ਮੁਨੀਆਂ ਦਾ ਬਹੁਤ ਸਤਿਕਾਰ ਕਰਦਾ ਸੀ। ਕਿਸੇ ਸਮੇਂ ਇੱਕ ਵਿਦਵਾਨ ਸੰਤ ਉਸਦੇ ਰਾਜ ਵਿੱਚ ਆਇਆ। ਰਾਜੇ ਨੇ ਆਪਣੇ ਸੈਨਾਪਤੀ ਨੂੰ ਉਸਦਾ ਸਤਿਕਾਰ ਕਰਨ ਦਾ ਹੁਕਮ ਦਿੱਤਾ।

ਸੈਨਾਪਤੀ ਇੱਕ ਸਜਿਆ ਹੋਇਆ ਰੱਥ ਲੈ ਕੇ ਸੰਤ ਕੋਲ ਪਹੁੰਚਿਆ।

ਉਸਨੇ ਰਾਜੇ ਦੇ ਸੱਦੇ ਬਾਰੇ ਸਿੱਧੇ ਤੌਰ 'ਤੇ ਦੱਸਣ ਦੀ ਬਜਾਏ ਨਿਮਰਤਾ ਨਾਲ ਆਪਣਾ ਸਿਰ ਝੁਕਾਇਆ ਅਤੇ ਕਿਹਾ, "ਸਾਡੇ ਰਾਜੇ ਨੇ ਤੁਹਾਨੂੰ ਸਤਿਕਾਰ ਭੇਜਿਆ ਹੈ। ਇਹ ਤੁਹਾਡੀ ਬਹੁਤ ਵੱਡੀ ਕਿਰਪਾ ਹੋਵੇਗੀ, ਜੇਕਰ ਤੁਸੀਂ ਰਾਜੇ ਦੇ ਨਿਵਾਸ ਨੂੰ ਆਪਣੀ ਚਰਨ-ਧੂੜ ਨਾਲ ਪਵਿੱਤਰ ਕਰ ਸਕੋ।"

ਸੰਤ ਮਹਿਲ ਜਾਣ ਲਈ ਸਹਿਮਤ ਹੋ ਗਿਆ। ਉਹ ਬਹੁਤ ਛੋਟੇ ਕੱਦ ਵਾਲਾ ਸੀ। ਸੈਨਾਪਤੀ ਉਸਦੇ ਕੱਦ ਨੂੰ ਵੇਖ ਕੇ ਹੱਸ ਪਿਆ। ਉਹਨੇ ਸੋਚਿਆ ਕਿ ਉਸਦਾ ਲੰਬਾ, ਤਾਕਤਵਰ ਰਾਜਾ ਇਸ ਛੋਟੇ ਆਦਮੀ ਨਾਲ ਕਿਸ ਤਰ੍ਹਾਂ ਗੱਲਬਾਤ ਕਰੇਗਾ? ਸੰਤ ਸੈਨਾਪਤੀ ਦੇ ਹਾਸੇ ਦਾ ਕਾਰਨ ਸਮਝ ਗਿਆ।

ਜਦੋਂ ਸੰਤ ਨੇ ਸੈਨਾਪਤੀ ਨੂੰ ਹੱਸਣ ਦਾ ਕਾਰਨ ਪੁੱਛਿਆ ਤਾਂ ਉਸਨੇ ਕਿਹਾ, "ਕਿਰਪਾ ਕਰਕੇ ਮੈਨੂੰ ਮਾਫ਼ ਕਰ ਦਿਓ। ਦਰਅਸਲ ਮੈਨੂੰ ਤੁਹਾਡੇ ਛੋਟੇ ਕੱਦ 'ਤੇ ਹਾਸਾ ਆ ਗਿਆ ਹੈ। ਕਿਉਂਕਿ ਸਾਡਾ ਰਾਜਾ ਬਹੁਤ ਲੰਬਾ ਹੈ, ਤੁਹਾਨੂੰ ਉਸ ਨਾਲ ਗੱਲ ਕਰਨ ਲਈ ਸਿੰਘਾਸਣ 'ਤੇ ਚੜ੍ਹਨਾ ਪਵੇਗਾ।"

ਇਹ ਸੁਣ ਕੇ ਸੰਤ ਮੁਸਕਰਾਇਆ ਅਤੇ ਕਿਹਾ, "ਮੈਂ ਤੁਹਾਡੇ ਰਾਜੇ ਨਾਲ ਜ਼ਮੀਨ 'ਤੇ ਖੜ੍ਹ ਕੇ ਹੀ ਗੱਲ ਕਰਾਂਗਾ। ਮੇਰੇ ਛੋਟੇ ਕੱਦ ਦਾ ਫਾਇਦਾ ਇਹ ਹੈ ਕਿ ਮੈਂ ਜਦੋਂ ਵੀ ਬੋਲਾਂਗਾ, ਮੈਂ ਆਪਣਾ ਸਿਰ ਉੱਚਾ ਕਰਕੇ ਬੋਲਾਂਗਾ। ਪਰ ਕਿਉਂਕਿ ਤੁਹਾਡਾ ਰਾਜਾ ਲੰਬਾ ਹੈ, ਇਸ ਲਈ ਉਹ ਜਦੋਂ ਵੀ ਬੋਲੇਗਾ, ਉਹਨੂੰ ਆਪਣਾ ਸਿਰ ਝੁਕਾ ਕੇ ਗੱਲ ਕਰਨੀ ਪਵੇਗੀ।"

ਸੈਨਾਪਤੀ ਨੂੰ ਸੰਤ ਦੀ ਮਹਾਨਤਾ ਦਾ ਅਹਿਸਾਸ ਹੋਇਆ ਅਤੇ ਉਹਨੂੰ ਸਮਝ ਆ ਗਈ ਕਿ ਮਹਾਨਤਾ ਕੱਦ-ਕਾਠ ਨਾਲ ਨਹੀਂ, ਸਗੋਂ ਚੰਗੇ ਵਿਚਾਰਾਂ ਨਾਲ ਆਉਂਦੀ ਹੈ।

## ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਮੋਗਾ ਵਿਖੇ ਦਲਜੀਤ ਕੌਰ ਨੂੰ ਇਲੈਕਸ਼ਨ ਅਬਜ਼ਰਵਰ ਕੀਤਾ ਨਿਯੁਕਤ

### ਚੋਣ ਲੜ ਰਹੇ ਉਮੀਦਵਾਰਾਂ ਨੂੰ ਵੀ ਆਦਰਸ਼ ਚੋਣ ਜ਼ਾਬਤੇ ਦੀ ਪਾਲਣਾ ਯਕੀਨੀ ਬਣਾਉਣ ਦੀ ਅਪੀਲ

ਵਰਲਡ ਪੰਜਾਬੀ ਟਾਈਮਜ਼



ਮੋਗਾ 04 ਦਸੰਬਰ : ਮਿਤੀ 14 ਦਸੰਬਰ 2025 ਨੂੰ ਹੋਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਲਈ ਦਲਜੀਤ ਕੌਰ (ਪੀ.ਸੀ.ਐਸ.) ਨੂੰ ਇਲੈਕਸ਼ਨ ਅਬਜ਼ਰਵਰ ਲਗਾਇਆ ਗਿਆ ਹੈ ਤਾਂ ਜੋ ਸਮੁੱਚੀ ਚੋਣ ਪ੍ਰਕਿਰਿਆ 'ਤੇ ਸਖ਼ਤ ਨਜ਼ਰ ਰੱਖੀ ਜਾ ਸਕੇ ਅਤੇ ਚੋਣ ਪ੍ਰਕਿਰਿਆ ਸੁਤੰਤਰ, ਨਿਰਪੱਖ ਅਤੇ ਸ਼ਾਂਤੀਪੂਰਨ ਮੁਕੰਮਲ ਹੋ ਸਕੇ।

ਇਲੈਕਸ਼ਨ ਆਬਜਰਵਰ ਦਲਜੀਤ ਕੌਰ ਨੇ ਕਿਹਾ ਕਿ ਇਸ ਚੋਣ ਪ੍ਰਕਿਰਿਆ ਨੂੰ ਨਿਰਪੱਖ ਅਤੇ ਸ਼ਾਂਤੀਪੂਰਨ ਮਾਹੌਲ 'ਚ ਮੁਕੰਮਲ ਕਰਨੀ ਉਨ੍ਹਾਂ ਦੀ ਪਹਿਲੀ ਤਰਜੀਹ ਰਹੇਗੀ। ਉਨ੍ਹਾਂ ਕਿਹਾ ਕਿ ਜੇਕਰ ਕੋਈ ਵੋਟਰ ਜਾਂ ਉਮੀਦਵਾਰ ਕਿਸੇ ਤਰ੍ਹਾਂ ਦੀ ਕੋਈ ਸ਼ਿਕਾਇਤ ਜਾਂ ਕੋਈ ਸੁਝਾਓ ਸਾਂਝਾ ਕਰਨ ਸਮੇਤ ਕਿਸੇ ਕਿਸਮ ਦਾ ਕੋਈ ਵਿਚਾਰ ਕਰਨਾ ਚਾਹੁੰਦੇ ਹਨ ਤਾਂ ਉਹ ਉਹਨਾਂ ਦੇ ਮੋਬਾਇਲ ਨੰਬਰ 98729-65009 ਜਾਂ ਤਾਲਮੇਲ ਅਫ਼ਸਰ ਸਹਾਇਕ ਫੂਡ ਸਪਲਾਈ ਕੰਟਰੋਲਰ (ਮੋਗਾ) ਗੁਰਲਾਲ ਸਿੰਘ 98556-00162 ਤੇ ਸੰਪਰਕ ਕਰ ਸਕਦੇ ਹਨ।

## ਬਾਰ ਕੌਂਸਲ ਆਫ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀਆਂ ਚੋਣਾਂ ਵਿੱਚ ਉਮੀਦਵਾਰ ਸ਼੍ਰੀ ਰਮੇਸ਼ ਕੁਮਾਰ ਗਰੋਵਰ ਨੂੰ ਮਜ਼ਬੂਤ ਸਮਰਥਨ ਦੇਣ ਦੀ ਅਪੀਲ : ਅਰਸ਼ ਸੱਚਰ

ਵਰਲਡ ਪੰਜਾਬੀ ਟਾਈਮਜ਼



ਫਰੀਦਕੋਟ, 4 ਦਸੰਬਰ : ਅੱਜ ਫਰੀਦਕੋਟ ਕੋਰਟ ਕੰਪਲੈਕਸ ਵਿੱਚ ਵਕੀਲ ਸਾਹਿਬਾਨ ਨਾਲ ਹੋਈ ਮਹੱਤਵਪੂਰਨ ਮੁਲਾਕਾਤ ਦੌਰਾਨ ਰਮੇਸ਼ ਕੁਮਾਰਗਰੋਵਰ ਜੀ, ਸਾਬਕਾ ਪ੍ਰਧਾਨ, ਡਿਸਟ੍ਰਿਕਟ ਬਾਰ ਐਸੋਸੀਏਸ਼ਨ ਮੋਗਾ ਅਤੇ ਬਾਰ ਕੌਂਸਲ ਆਫ ਪੰਜਾਬ ਅਤੇ ਹਰਿਆਣਾ ਦੇ ਉਮੀਦਵਾਰ, ਨੇ ਆਉਣ ਵਾਲੀਆਂ ਬਾਰ ਕੌਂਸਲ ਚੋਣਾਂ ਵਿੱਚ ਆਪਣੇ ਹੱਕ ਵਿੱਚ 1st ਪ੍ਰੈਫਰੈਂਸ ਵੋਟ ਦੇਣ ਲਈ ਨਿਮਰ ਅਪੀਲ ਕੀਤੀ। ਫਰੀਦਕੋਟ ਬਾਰ ਐਸੋਸੀਏਸ਼ਨ ਦੇ ਮਾਣਯੋਗ ਵਕੀਲ ਸਾਹਿਬਾਨ ਵੱਲੋਂ ਰਮੇਸ਼ ਗਰੋਵਰ ਜੀ ਨੂੰ ਦਿੱਤੀ ਗਈ ਪੂਰੀ ਸਹਿਮਤੀ, ਭਰੋਸੇ ਅਤੇ ਸਮਰਥਨ ਲਈ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਅੱਜ ਬਾਰ ਰੂਮ ਅਤੇ ਵੱਖ-ਵੱਖ ਚੈਂਬਰਾਂ ਵਿੱਚ ਮੇਰੇ ਅਤੇ ਰਮੇਸ਼ ਗਰੋਵਰ ਨਾਲ ਮੁਲਾਕਾਤ ਕਰਕੇ ਅਪਣਾ ਕੀਮਤੀ ਸਮਾਂ ਦੇਣ ਵਾਲੇ ਹਰੇਕ ਵਕੀਲ ਸਾਹਿਬ ਦਾ ਮੈਂ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਾ ਹਾਂ। ਵਕੀਲ ਭਾਈਚਾਰੇ ਵੱਲੋਂ ਦਿੱਤਾ ਗਿਆ ਇਹ ਸਹਿਯੋਗ ਨਿਸ਼ਚਤ ਤੌਰ 'ਤੇ ਰਮੇਸ਼ ਗਰੋਵਰ ਜੀ ਲਈ ਇੱਕ ਮਜ਼ਬੂਤ ਤਾਕਤ ਅਤੇ ਨੈਤਿਕ ਸਮਰਥਨ ਹੈ। ਅਰਸ਼ ਸੱਚਰ ਸੋਸ਼ਲ ਵਰਕਰ ਅਤੇ ਸੀਨੀਅਰ ਲੀਡਰ, ਆਮ ਆਦਮੀ ਪਾਰਟੀ ਫਰੀਦਕੋਟ, ਸਾਰੇ ਮਾਣਯੋਗ ਵਕੀਲ ਭਰਾ-ਭੈਣਾਂ ਨੂੰ ਬੇਨਤੀ ਕੀਤੀ ਕਿ ਆਉਣ ਵਾਲੀਆਂ ਬਾਰ ਕੌਂਸਲ ਚੋਣਾਂ ਵਿੱਚ ਰਮੇਸ਼ ਕੁਮਾਰ ਗਰੋਵਰ ਨੂੰ ਫਸਟ ਪ੍ਰੈਫਰੈਂਸ ਵੋਟ ਦੇ ਕੇ ਸਮਰਥਨ ਪ੍ਰਦਾਨ ਕਰੋ, ਕਿਉਂਕਿ ਉਹ ਹਮੇਸ਼ਾ ਵਕੀਲ ਭਾਈਚਾਰੇ ਦੀ ਆਵਾਜ਼ ਬਣੇ ਹਨ ਅਤੇ ਭਵਿੱਖ ਵਿੱਚ ਵੀ ਨਿਆਂ, ਪਾਰਦਰਸ਼ਤਾ ਅਤੇ ਵਕੀਲਾਂ ਦੇ ਹਿੱਤਾਂ ਦੀ ਲੜਾਈ ਜ਼ਿੰਮੇਵਾਰਾਨਾ ਢੰਗ ਨਾਲ ਲੜਣ ਦੇ ਵਚਨਬੱਧ ਹਨ। ਰਮੇਸ਼ ਗਰੋਵਰ ਜੀ ਨੇ ਹਮੇਸ਼ਾਂ ਫਰੀਦਕੋਟ ਦੇ ਵਕੀਲਾਂ ਨਾਲ ਖੜ੍ਹ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਉਠਾਇਆ ਹੈ ਅਤੇ ਅੱਗੇ ਵੀ ਇਹ ਭਰੋਸਾ ਪੂਰੀ ਨਿਸ਼ਠਾ ਨਾਲ ਕਾਇਮ ਰੱਖਣਗੇ। ਉਹਨਾਂ ਅੱਜ ਦੀ ਮੀਟਿੰਗ ਵਿੱਚ ਹਾਜ਼ਰੀ ਲਗਾਉਣ ਵਾਲੇ ਹਰੇਕ ਵਕੀਲ ਸਾਹਿਬ ਦਾ ਤਹਿ ਦਿਲੋਂ ਧੰਨਵਾਦ ਕਰਦਾ ਕੀਤਾ।

## ਬਾਬਾ ਫਰੀਦ ਲਾਅ ਕਾਲਜ ਵਿੱਚ ਮਨਾਇਆ ਵੰਦੇ ਮਾਤਰਮ ਦੇ 150 ਸਾਲਾਂ ਯਾਦਗਾਰੀ ਦਿਵਸ

ਵਰਲਡ ਪੰਜਾਬੀ ਟਾਈਮਜ਼ – ਟਿੰਕੂ ਕੁਮਾਰ



ਕੋਟਕਪੂਰਾ, 4 ਦਸੰਬਰ : ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਜੀ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸ. ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਅਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਐਨ.ਸੀ.ਸੀ. ਕੈਡਿਟਸ ਅਤੇ ਵਿਦਿਆਰਥੀਆਂ ਨੇ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੀ ਰਚਨਾ ਦੇ 150 ਸਾਲ ਪੂਰੇ ਹੋਣ ਦੇ ਉਪਰਾਲੇ ਹੇਠ ਕਾਲਜ ਵੱਲੋਂ ਆਯੋਜਿਤ ਵਿਸ਼ੇ ਸਮਾਰੋਹ ਵਿੱਚ ਭਾਗ ਲਿਆ। ਪ੍ਰੋਗਰਾਮ ਦੀ ਸ਼ੁਰੂਆਤ ਰਾਸ਼ਟਰੀ ਝੰਡੇ ਨੂੰ ਨਮਨ ਅਤੇ 'ਵੰਦੇ ਮਾਤਰਮ' ਦੇ ਸਮੂਹਕ ਗਾਇਨ ਨਾਲ ਹੋਈ। ਕੈਡਿਟਸ ਅਤੇ ਵਿਦਿਆਰਥੀਆਂ ਨੇ ਦੇਸ਼ਭਗਤੀ ਭਰਪੂਰ ਨਾਅਰੇ ਬੁਲੰਦ ਕੀਤੇ ਅਤੇ ਰਾਸ਼ਟਰੀ ਗੀਤ ਦੇ ਇਤਿਹਾਸ ਅਤੇ ਇਸਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਮਨਿੰਦਰ ਸਿੰਘ (ਸੀ.ਟੀ.ਓ., ਐਨ.ਸੀ.ਸੀ.), ਡਾ. ਪਰਿੰਦਰ ਸਿੰਘ (ਅਸਿਸਟੈਂਟ ਪ੍ਰੋਫ਼ੈਸਰ) ਅਤੇ ਮਿਸ ਅਮਨਦੀਪ ਕੌਰ (ਅਸਿਸਟੈਂਟ ਪ੍ਰੋਫ਼ੈਸਰ) ਨੇ ਕੈਡਿਟਸ ਅਤੇ ਵਿਦਿਆਰਥੀਆਂ ਨੂੰ ਰਾਸ਼ਟਰੀ ਗੌਰਵ, ਏਕਤਾ ਅਤੇ ਸੇਵਾਮੁਖਤਾ ਦੇ ਸੁਨੇਹੇ 'ਤੇ ਚਲਣ ਲਈ ਪ੍ਰੇਰਿਤ ਕੀਤਾ। ਕਾਲਜ ਦੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਇਸ ਪ੍ਰੋਗਰਾਮ ਦੀ ਸ਼ਲਾਘਾ ਕੀਤੀ। ਇਸ ਮੌਕੇ ਉਪਰੋਕਤ ਤੋਂ ਇਲਾਵਾ ਇੰਚਾਰਜ ਅਕੈਮਿਕ ਡਾ. ਨਵਜੋਤ ਕੌਰ ਵੀ ਮੌਜੂਦ ਰਹੇ।

## ਰਹਿਬਰੋ! ਹੋਸ਼ ਕਰੋ

ਵਰਲਡ ਪੰਜਾਬੀ ਟਾਈਮਜ਼ – ਹਰਪ੍ਰੀਤ ਪੱਤੋ

ਨਾਲ ਕੁਰਬਾਨੀਆਂ ਦੇ ਭਰੇ
ਇਤਿਹਾਸ ਸਾਡੇ,
ਰੰਬੀਆਂ, ਆਰੀਆਂ ਦੇ ਮੂੰਹ
ਅਸੀਂ ਮੋੜ ਦਿੱਤੇ।

ਚੜ੍ਹ ਚਰਖੜੀਆਂ ਤੇ ਤੂੰਬਾ
ਤੂੰਬਾ ਹੋ ਉੱਡੇ,
ਜ਼ਾਲਮਾਂ ਖੜਿਆਂ ਦੇ ਦੰਦ
ਅਸੀਂ ਜੋੜ ਦਿੱਤੇ।

ਵਾਹੀਆਂ ਤੇਗਾਂ ਵੈਰੀ ਨੂੰ ਯਾਦ
ਅੱਜ ਵੀ,
ਵਾਂਗ ਖਰਬੂਜਿਆ ਸਿਰ ਸੀ
ਅਸੀਂ ਰੋੜ੍ਹ ਦਿੱਤੇ।

ਰੁਲੀਆਂ ਲੋਥਾਂ ਵੈਰੀ ਦੀਆਂ
ਮੈਦਾਨ ਅੰਦਰ,
ਵਾਂਗ ਨਿੰਬੂਆਂ ਦੇ ਲਹੂ
ਅਸੀਂ ਨਿਚੋੜ ਦਿੱਤੇ।

ਭੁੱਲ ਨਾ ਜਾਈਂ ਹਾਕਮਾਂ
ਇਤਿਹਾਸ ਸਾਡਾ,
ਜੁੱਤੀ ਦੀ ਨੋਕ ਤੇ ਤਖ਼ਤ
ਅਸੀਂ ਛੋੜ ਦਿੱਤੇ।

ਲਿਖਾਂ ਕੀ ਕੀ ਸਿਆਹੀ
ਮੁੱਕ ਚੱਲੀ,
ਵਰਕੇ ਪਤਾ ਨਹੀਂ ਕਿੰਨੇ ਕੁ
ਅਸੀਂ ਘਰੋੜ ਦਿੱਤੇ।

ਲਿਖੇ ਕੀ ਕ਼ਲਮ 'ਪੱਤੋ' ਦੀ
ਕੰਬਦੀ ਏ,
ਅਹਿਸਾਨ ਸਾਡੇ ਤੇ ਕਰ
ਲੱਖ ਕਰੋੜ ਦਿੱਤੇ।

ਅੱਜ ਮੁੱਲ ਵੱਟਣ ਲੀਡਰ
ਕੁਰਬਾਨੀਆਂ ਦੇ,
ਨਿਯਮ ਸਾਰੇ ਉਹਨਾਂ ਦੇ
ਤੋੜ ਦਿੱਤੇ।

# ਧਿਆਨ ਆਸ਼ਾਵਾਦ ਤੇ ਮਾਨਸਿਕ ਮਜ਼ਬੂਤੀ ਨੂੰ ਕਿਵੇਂ ਉਤਸ਼ਾਹਿਤ ਕਰਦਾ ਹੈ ?

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰਪਾਲ ਸਿੰਘ

ਅੱਜ ਦੇ ਤੇਜ਼ ਰਫ਼ਤਾਰ ਤੇ ਤਣਾਅ-ਭਰੇ ਯੁੱਗ ਵਿੱਚ ਆਸ਼ਾਵਾਦ (Optimism) ਜੀਵਨ ਦੀਆਂ ਚੁਣੌਤੀਆਂ ਵੱਲ ਸਕਾਰਾਤਮਕ ਦ੍ਰਿਸ਼ਟੀਕੋਣ ਰੱਖਣ ਦੀ ਯੋਗਤਾ — ਮਾਨਸਿਕ ਅਤੇ ਸਰੀਰਕ ਸਿਹਤ ਦਾ ਬੁਨਿਆਦੀ ਤੱਤ ਬਣ ਚੁੱਕੀ ਹੈ। ਇਸ ਆਸ਼ਾਵਾਦ ਨੂੰ ਵਿਕਸਿਤ ਕਰਨ ਲਈ ਸਭ ਤੋਂ ਪ੍ਰਭਾਵਸ਼ਾਲੀ ਢੰਗਾਂ ਵਿੱਚੋਂ ਇੱਕ ਹੈ ਧਿਆਨ (Meditation) ਇੱਕ ਐਸੀ ਪ੍ਰਕਿਰਿਆ ਜੋ ਪ੍ਰਾਚੀਨ ਆਧਿਆਤਮਿਕ ਪਰੰਪਰਾਵਾਂ ਵਿੱਚ ਬਹੁਤ ਡੂੰਘਾ ਦਰਜ਼ ਹੋਈ ਹੈ ਪਰ ਹੁਣ ਆਧੁਨਿਕ ਵਿਗਿਆਨ ਤੇ ਮਨੋਵਿਗਿਆਨ ਦੁਆਰਾ ਮਜ਼ਬੂਤੀ ਨਾਲ ਵੀ ਆਸ਼ਾਵਾਦ ਦੀ ਸਹਿਯੋਗੀ ਮੰਨੀ ਗਈ ਹੈ।
ਵਿਗਿਆਨਕ ਖੋਜ ਸਾਬਤ ਕਰ ਰਹੀ ਹੈ ਕਿ ਧਿਆਨ ਸਿਰਫ਼ ਸ਼ਾਂਤ ਬੈਠਣ ਦੀ ਕਿਰਿਆ ਨਹੀਂ, ਸਗੋਂ ਇਹ ਦਿਮਾਗ ਦੀ ਸੰਰਚਨਾ ਤੇ ਭਾਵਨਾਤਮਕ ਪ੍ਰਤੀਕਿਰਿਆਵਾਂ ਨੂੰ ਬਦਲਣ ਵਾਲੀ ਮਨੋਵਿਗਿਆਨਿਕ ਪ੍ਰਕਿਰਿਆ ਹੈ, ਜੋ ਮਨੁੱਖ ਵਿੱਚ ਆਸ਼ਾਵਾਦ, ਭਾਵਨਾਤਮਕ ਸੰਤੁਲਨ ਤੇ ਮਾਨਸਿਕ ਲਚੀਲਾਪਨ ਪੈਦਾ ਕਰਦੀ ਹੈ।

੧. ਧਿਆਨ ਤੇ ਸਕਾਰਾਤਮਕ ਸੋਚ ਦਾ ਮਨੋਵਿਗਿਆਨ : ਧਿਆਨ ਦਿਮਾਗ ਦੇ ਉਹ ਹਿੱਸਿਆਂ ਨੂੰ ਕਿਰਿਆਸ਼ੀਲ ਕਰਦਾ ਹੈ ਜੋ ਭਾਵਨਾਤਮਕ ਨਿਯੰਤਰਣ ਤੇ ਸਵੈ-ਜਾਗਰੂਕਤਾ ਨਾਲ ਸੰਬੰਧਤ ਹਨ — ਜਿਵੇਂ ਕਿ ਪ੍ਰੀਫਰੰਟਲ ਕੋਰਟੈਕਸ, ਐਮੀਗਡਾਲਾ ਅਤੇ ਐਂਟੀਰੀਅਰ ਸਿੰਗੁਲੇਟ ਕੋਰਟੈਕਸ। ਹਾਰਵਰਡ ਮੈਡੀਕਲ ਸਕੂਲ ਅਤੇ ਵਿਸਕੌਂਨਸਿਨ ਯੂਨੀਵਰਸਿਟੀ ਵਰਗੀਆਂ ਸੰਸਥਾਵਾਂ ਦੀਆਂ ਅਧਿਐਨ ਰਿਪੋਰਟਾਂ ਦਿਖਾਉਂਦੀਆਂ ਹਨ ਕਿ ਨਿਯਮਤ ਧਿਆਨ ਨਾਲ ਪ੍ਰੀਫਰੰਟਲ ਕੋਰਟੈਕਸ ਵਿੱਚ ਗ੍ਰੇ ਮੈਟਰ ਦੀ ਘਣਤਾ ਵਧਦੀ ਹੈ — ਜੋ ਸਕਾਰਾਤਮਕ ਭਾਵਨਾਵਾਂ ਤੇ ਫ਼ੈਸਲਾ ਕਰਨ ਦੀ ਸਮਰੱਥਾ ਨਾਲ ਜੁੜੀ ਹੈ।

ਇਸਦੇ ਨਾਲ ਹੀ ਧਿਆਨ ਐਮੀਗਡਾਲਾ ਦੀ ਗਤੀਵਿਧੀ ਘਟਾ ਦਿੰਦਾ ਹੈ — ਜੋ ਡਰ ਤੇ ਤਣਾਅ ਦਾ ਕੇਂਦਰ ਮੰਨਿਆ ਜਾਂਦਾ ਹੈ। ਇਹ ਤਬਦੀਲੀ ਮਨੁੱਖ ਨੂੰ ਨਕਾਰਾਤਮਕ ਸਥਿਤੀਆਂ ਦਾ ਸਾਹਮਣਾ ਸ਼ਾਂਤੀ ਤੇ ਸੰਜਮ ਨਾਲ ਕਰਨ ਵਿੱਚ ਸਹਾਇਕ ਬਣਾਉਂਦੀ ਹੈ ਜਿਸ ਨਾਲ ਆਸ਼ਾਵਾਦੀ ਸੋਚ ਦੀ ਆਦਤ ਬਣਦੀ ਹੈ।

੨. ਹਾਰਮੋਨ ਤੇ ਸਰੀਰਕ ਪ੍ਰਭਾਵ : ਧਿਆਨ ਮਨ ਤੇ ਸਰੀਰ ਵਿਚਲੇ ਸੰਬੰਧ ਨੂੰ ਗਹਿਰਾਈ ਨਾਲ ਪ੍ਰਭਾਵਿਤ ਕਰਦਾ ਹੈ। ਖੋਜ ਦਰਸਾਉਂਦੀ ਹੈ ਕਿ ਨਿਯਮਤ ਧਿਆਨ ਨਾਲ ਕੋਰਟੀਸੋਲ (ਤਣਾਅ ਹਾਰਮੋਨ) ਦੀ ਮਾਤਰਾ ਘੱਟਦੀ ਹੈ ਅਤੇ ਸੈਰੋਟੋਨਿਨ, ਡੋਪਾਮਾਈਨ ਅਤੇ ਐਂਡੋਰਫਿਨਜ਼ ਵਰਗੇ "ਖੁੱਸ਼ੀ ਦੇ ਰਸਾਇਣ" ਵੱਧਦੇ ਹਨ।

ਇਸ ਨਾਲ ਰਕਤ-ਦਬਾਅ ਘੱਟਦਾ ਹੈ, ਦਿਲ ਦੀ ਧੜਕਨ ਸਥਿਰ ਹੁੰਦੀ ਹੈ ਅਤੇ ਸਰੀਰ ਦਾ ਸਵੈ ਚਾਲਤ ਨਰਵਸ ਸਿਸਟਮ ਸੰਤੁਲਿਤ ਰਹਿੰਦਾ ਹੈ। ਇਹ ਸਰੀਰਕ ਸ਼ਾਂਤੀ ਮਨ ਵਿੱਚ ਸਥਿਰਤਾ ਤੇ ਆਸ਼ਾਵਾਦ ਦੀ ਬੁਨਿਆਦ ਰੱਖਦੀ ਹੈ।

੩. ਮਨੋਵਿਗਿਆਨਕ ਪ੍ਰਭਾਵ: ਸੋਚ ਦੇ ਢੰਗ ਵਿੱਚ ਬਦਲਾਅ : ਮਨੋਵਿਗਿਆਨਕ ਪੱਧਰ 'ਤੇ ਧਿਆਨ ਮਾਈਂਡਫੁਲਨੈੱਸ ਨੂੰ ਉਤਸ਼ਾਹਿਤ ਕਰਦਾ ਹੈ — ਜਿਸਦਾ ਅਰਥ ਹੈ ਆਪਣੇ ਵਿਚਾਰਾਂ ਤੇ ਭਾਵਨਾਵਾਂ ਦੀ ਸੁਚੇਤਨ ਨਿਗਰਾਨੀ ਬਿਨਾਂ ਕਿਸੇ ਕਿੰਤੂ ਪ੍ਰੰਤੂ ਦੇ। ਇਹ ਜਾਗਰੂਕਤਾ ਮਨੁੱਖ ਨੂੰ ਨਕਾਰਾਤਮਕ ਵਿਚਾਰਾਂ ਤੋਂ ਅਲੱਗ ਰਹਿਣ ਤੇ ਉਨ੍ਹਾਂ ਨੂੰ ਰਚਨਾਤਮਕ ਢੰਗ ਨਾਲ ਦੇਖਣ ਦੀ ਸਮਰੱਥਾ ਦਿੰਦੀ ਹੈ।
ਵਿਸ਼ਵ ਪੱਧਰ ਤੇ ਪ੍ਰਕਾਸ਼ਿਤ ਖ਼ੋਜਾਂ ਅਤੇ ਅਧਿਐਨ ਦਰਸਾਉਂਦੇ ਹਨ ਕਿ ਜੋ ਲੋਕ ਨਿਯਮਤ ਧਿਆਨ ਕਰਦੇ ਹਨ ਉਹਨਾਂ ਵਿੱਚ ਆਸ਼ਾਵਾਦ ਤੇ ਜੀਵਨ ਸੰਤੁਸ਼ਟੀ ਦੇ ਪੱਧਰ ਕਾਫ਼ੀ ਉੱਚੇ ਹੁੰਦੇ ਹਨ।

੪. ਧਿਆਨ ਇੱਕ ਮਾਨਸਿਕ ਇਲਾਜ ਵਜੋਂ : ਧਿਆਨ ਕੇਵਲ ਮਾਨਸਿਕ ਸ਼ਾਂਤੀ ਲਈ ਹੀ ਨਹੀਂ ਸਗੋਂ ਡਰ, ਚਿੰਤਾ ਤੇ ਬੈਚੇਨੀ ਵਰਗੀਆਂ ਬਿਮਾਰੀਆਂ ਤੋਂ ਬਚਾਅ ਲਈ ਵੀ ਪ੍ਰਭਾਵਸ਼ਾਲੀ ਸਾਧਨ ਹੈ। ਕਈ ਕਲੀਨਿਕਲ ਅਧਿਐਨ ਦਰਸਾਉਂਦੇ ਹਨ ਕਿ ਮਾਈਂਡਫੁਲਨੈੱਸ-ਬੇਸਡ ਕਾਗਨੀਟਿਵ ਥੈਰਪੀ (MBCT) ਜਾਂ ਟ੍ਰਾਂਸੈਂਡੈਂਟਲ ਮੈਡੀਟੇਸ਼ਨ (TM) ਡਿਪ੍ਰੈਸ਼ਨ ਦੇ ਦੁਬਾਰਾ ਆਉਣ ਦੇ ਖ਼ਤਰੇ ਨੂੰ ਲਗਭਗ 50% ਤੱਕ ਘੱਟਾ ਸਕਦੇ ਹਨ।

ਧਿਆਨ ਕਰਨ ਵਾਲੇ ਆਸ਼ਾਵਾਦੀ ਵਿਅਕਤੀਆਂ ਵਿੱਚ ਰੋਗ-ਪ੍ਰਤੀ ਰੋਧਕ ਸ਼ਕਤੀ ਵੱਧਦੀ ਹੈ, ਤਣਾਅ-ਸੰਬੰਧੀ ਰੋਗ ਘੱਟਦੇ ਹਨ ਅਤੇ ਜੀਵਨ ਦੀ ਗੁਣਵੱਤਾ ਵਿੱਚ ਸੁਧਾਰ ਹੁੰਦਾ ਹੈ।

੫. ਸਮਾਜਿਕ ਤੇ ਵਿਉਹਾਰਕ ਪ੍ਰਭਾਵ : ਧਿਆਨ ਦੇ ਸਮਾਜਿਕ ਲਾਭ ਵੀ ਗਹਿਰੇ ਹਨ। ਆਸ਼ਾਵਾਦੀ ਵਿਅਕਤੀ ਆਮ ਤੌਰ 'ਤੇ ਹੋਰਾਂ ਨਾਲ ਜ਼ਿਆਦਾ ਸਹਿਯੋਗ ਤੇ ਹਮਦਰਦੀ ਦਿਖਾਉਂਦੇ ਹਨ। ਧਿਆਨ ਇੰਸੁਲਾ ਤੇ ਮਿਰਰ ਨਿਊਰਾਨ ਨੈੱਟਵਰਕ ਨੂੰ ਕਿਰਿਆਸ਼ੀਲ ਕਰਦਾ ਹੈ, ਜਿਸ ਨਾਲ ਦੂਜਿਆਂ ਦੀਆਂ ਭਾਵਨਾਵਾਂ ਨੂੰ ਸਮਝਣ ਤੇ ਸੰਬੰਧ ਬਣਾਉਣ ਦੀ ਯੋਗਤਾ ਵੱਧਦੀ ਹੈ।

ਕਾਰਜਸਥਲਾਂ ਤੇ ਸਿੱਖਿਆ ਸੰਸਥਾਵਾਂ ਵਿੱਚ ਗਰੁੱਪ ਧਿਆਨ ਦੇ ਪ੍ਰੋਗਰਾਮਾਂ ਨਾਲ ਟੀਮ-ਸਪਿਰਟ, ਰਚਨਾਤਮਕਤਾ ਤੇ ਸਮੂਹਿਕ ਆਸ਼ਾਵਾਦ ਵਿੱਚ ਸੁਧਾਰ ਦੇ ਸਬੂਤ ਮਿਲੇ ਹਨ।

੬. ਭਵਿੱਖ ਲਈ ਵਿਗਿਆਨਕ ਦਿਸ਼ਾਵਾਂ : ਵਿਗਿਆਨੀ ਹੁਣ ਇਹ ਪਤਾ ਲਗਾ ਰਹੇ ਹਨ ਕਿ ਵੱਖ-ਵੱਖ ਧਿਆਨ ਪ੍ਰਣਾਲੀਆਂ — ਜਿਵੇਂ ਕਿ ਲਵਿੰਗ ਕਾਈਂਡਨੈੱਸ ਮੈਡੀਟੇਸ਼ਨ, ਮਾਈਂਡਫੁਲਨੈੱਸ, ਜਾਂ ਟ੍ਰਾਂਸੈਂਡੈਂਟਲ ਧਿਆਨ — ਕਿਵੇਂ ਵਿਲੱਖਣ ਢੰਗ ਨਾਲ ਆਸ਼ਾਵਾਦ ਤੇ ਸਿਹਤ 'ਤੇ ਅਸਰ ਪਾਉਂਦੀਆਂ ਹਨ।

ਭਵਿੱਖ ਵਿੱਚ ਜਿਵੇਂ ਮਨੋਵਿਗਿਆਨ ਤੇ ਨਿਊਰੋਸਾਇੰਸ ਵਿੱਚ ਉੱਨਤੀ ਹੋ ਰਹੀ ਹੈ, ਧਿਆਨ ਨੂੰ ਇੱਕ ਵੈਧ ਥੈਰਾਪੀਕ ਇੰਟਰਵੇਂਸ਼ਨ ਵਜੋਂ ਮੰਨਿਆ ਜਾ ਸਕਦਾ ਹੈ ਜੋ ਆਸ਼ਾਵਾਦ ਤੇ ਮਾਨਸਿਕ ਮਜ਼ਬੂਤੀ ਵੱਧਾਉਣ ਲਈ ਵਰਤੀ ਜਾਵੇਗੀ।

ਧਿਆਨ ਮਨੁੱਖਤਾ ਦੇ ਲਈ ਪ੍ਰਾਚੀਨ ਗਿਆਨ ਤੇ ਆਧੁਨਿਕ ਵਿਗਿਆਨ ਦੇ ਮਿਲਾਪ ਦੀ ਸੁੰਦਰ ਉਦਾਹਰਨ ਹੈ। ਇਹ ਦਿਮਾਗੀ ਰਸਾਇਣ, ਭਾਵਨਾਤਮਕ ਸੰਤੁਲਨ ਅਤੇ ਸੋਚ ਦੇ ਢੰਗ ਵਿੱਚ ਸੁਧਾਰ ਕਰਕੇ ਜੀਵਨ ਨੂੰ ਆਸ਼ਾਵਾਦੀ ਦਿਸ਼ਾ ਵਿੱਚ ਮੋੜਦਾ ਹੈ।

ਅੱਜ ਜਦੋਂ ਅਨਿਸ਼ਚਿਤਤਾ ਸੰਸਾਰ ਵਿੱਚ ਵਿਆਪਕ ਹੈ ਧਿਆਨ ਨੂੰ ਇੱਕ ਵਿਗਿਆਨਕ ਅਧਾਰਿਤ ਜਨਸਿਹਤ ਪ੍ਰਯੋਗ ਵਜੋਂ ਪ੍ਰਚਾਰ ਕਰਨਾ ਸਮੂਹਕ ਆਸ਼ਾਵਾਦ ਤੇ ਭਾਵਨਾਤਮਕ ਤੰਦਰੁਸਤੀ ਵੱਧਾਉਣ ਲਈ ਸਭ ਤੋਂ ਪ੍ਰਭਾਵਸ਼ਾਲੀ ਕਦਮ ਹੋ ਸਕਦਾ ਹੈ।

# ਸਰੀਰ ਪ੍ਰਦਾਨੀ ਨਾਮਦੇਵ ਭੁਟਾਲ ਦੀ ਦੂਸਰੀ ਬਰਸੀ 7 ਦਿਸੰਬਰ ਨੂੰ ਭੁਟਾਲ ਕਲਾਂ ਵਿਖੇ

ਵਰਲਡ ਪੰਜਾਬੀ ਟਾਈਮਜ਼
ਮੂਲ ਲੇਖਕ - ਸਨੀ ਸੇਖੂਵਾਸ
ਅਨੁਵਾਦ - ਪਮਾਸਟਰ ਪਰਮਵੇਦ







ਨਾਮਦੇਵ ਭੁਟਾਲ ਮਾਰਕਸਵਾਦੀ ਫਲਸਫੇ ਦਾ ਚਿੰਤਕ ਸੀ। ਲੈਨਿਨ ਤੇ ਮਾਓ ਜ਼ੇ ਤੁੰਗ ਦਾ ਪੈਰੋਕਾਰ। ਉਹ ਸਮਾਜ ਵਿਚ ਸ਼੍ਰੇਣੀ ਵੰਡ ਦੇ ਖਿਲਾਫ ਸੀ। ਉਹ ਸ਼ਹੀਦੇ ਆਜ਼ਮ ਭਗਤ ਸਿੰਘ ਦੀ ਵਿਚਾਰਧਾਰਾ ਨੂੰ ਅੱਗੇ ਤੋਰਨ ਦਾ ਹਾਮੀ ਸੀ ਜਿੱਥੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਖਤਮ ਹੋਣ ਦਾ ਸੰਦੇਸ਼ ਦਿੱਤਾ ਗਿਆ ਸੀ। ਉਹ ਨਿਰੋਲ ਪੇਂਡੂ ਪਿਛੋਕੜ ਵਾਲਾ ਇਨਸਾਨ ਸੀ। ਤਾਹੀਓਂ ਤਾਂ ਉਹ ਖੇਤ ਖਲਿਆਨਾਂ ਦਾ ਪਹਿਰੇਦਾਰ ਵੀ ਸੀ। ਭਾਰਤੀ ਕਿਸਾਨ ਯੂਨੀਅਨ ਦੇ ਅੰਦੋਲਨਾਂ ਵਿੱਚ ਉਸ ਦੀ ਵਿਸ਼ੇਸ਼ ਸ਼ਮੂਲੀਅਤ ਹੁੰਦੀ ਸੀ।
ਨਾਮਦੇਵ ਭੁਟਾਲ ਦਾ ਜਨਮ ਜ਼ਿਲ੍ਹਾ ਸੰਗਰੂਰ ਤਹਿਸੀਲ ਲਹਿਰਾ ਦੇ ਪਿੰਡ ਭੁਟਾਲ ਕਲਾਂ ਵਿਖੇ 13-01-1953 ਨੂੰ ਮਾਤਾ ਧੰਨ ਕੌਰ ਤੇ ਪਿਤਾ ਸਾਧੂ ਸਿੰਘ ਦੇ ਘਰ ਹੋਇਆ। ਨਾਮਦੇਵ ਚਾਰ ਭਰਾਵਾਂ ਤੇ ਦੋ ਭੈਣਾਂ ਵਿੱਚੋਂ ਸਭ ਤੋਂ ਛੋਟਾ ਸੀ। ਉਸਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਆਪਣੇ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਤੋਂ ਪ੍ਰਾਪਤ ਕੀਤੀ। ਦਸਵੀਂ ਜਮਾਤ ਦੀ ਪ੍ਰੀਖਿਆ ਉਸਨੇ ਸਾਲ 1970 ਵਿਚ ਸਰਕਾਰੀ ਹਾਈ ਸਕੂਲ ਲਹਿਰਾਗਾਗਾ ਤੋਂ ਪਾਸ ਕੀਤੀ। ਉਸਨੇ ਆਪਣੀ ਗ੍ਰੈਜੁਏਸ਼ਨ ਦੀ ਡਿਗਰੀ ਸਾਲ 1974 ਵਿਚ ਸਰਕਾਰੀ ਰਣਬੀਰ ਕਾਲਜ ਸੰਗਰੂਰ ਤੋਂ ਪ੍ਰਾਪਤ ਕੀਤੀ। ਐਮ ਏ ਇਕਨੋਮਿਕਸ ਦੀ ਡਿਗਰੀ ਡੇਹਰਾਦੂਨ ਗੜ੍ਹਵਾਲ ਯੂਨੀਵਰਸਿਟੀ ਤੋਂ ਸਾਲ 1975-76 ਵਿਚ ਪਾਸ ਕੀਤੀ।

ਕਾਲਜ ਦੀ ਪੜ੍ਹਾਈ ਸਮੇਂ ਤੋਂ ਹੀ ਨਾਮਦੇਵ ਪੰਜਾਬ ਸਟੂਡੈਂਟਸ ਯੂਨੀਅਨ ਨਾਲ ਜੁੜ ਕੇ ਵਿਦਿਆਰਥੀ ਸਰਗਰਮੀਆਂ ਵਿਚ ਹਿੱਸਾ ਲੈਣ ਲੱਗ ਪਿਆ ਸੀ। ਲੋਕ ਪੱਖੀ ਅਤੇ ਇਨਕਲਾਬੀ ਵਿਚਾਰਾਂ ਦੀ ਪਾਣ ਉਸ ਨੂੰ ਕਾਲਜ ਵੇਲੇ ਤੋਂ ਹੀ ਚੜ੍ਹ ਗਈ ਸੀ ਜਦੋਂ ਕਿਸਾਨ ਬਗਾਵਤ ਨੇ ਸਾਰੇ ਮੁਲਕ ਨੂੰ ਆਪਣੇ ਘੇਰੇ ਵਿੱਚ ਲੈ ਲਿਆ ਸੀ। ਐਮ ਏ ਦੀ ਪੜ੍ਹਾਈ ਕਰਨ ਤੋਂ ਬਾਅਦ ਪ੍ਰਪੱਕ ਵਿਚਾਰਾਂ ਦੀ ਰੌਸ਼ਨੀ ਵਿੱਚ ਪਿੰਡ ਅਤੇ ਇਲਾਕੇ ਵਿੱਚ ਨੌਜਵਾਨ ਭਾਰਤ ਸਭਾ ਦੀ ਉਸਾਰੀ ਸ਼ੁਰੂ ਕਰ ਦਿੱਤੀ। ਸਭਾ ਦੀ ਉਸਾਰੀ ਪਿੰਡ ਭੁਟਾਲ ਕਲਾਂ ਵਿਖੇ 10-12-1977 ਨੂੰ 40 ਮੈਂਬਰਾਂ ਦੀ ਮੀਟਿੰਗ ਤੋਂ ਸ਼ੁਰੂ ਕਰਕੇ ਸਮੁੱਚੇ ਲਹਿਰਾਗਾਗਾ ਸੁਨਾਮ ਇਲਾਕੇ ਦੀ ਲਾਮਬੰਦੀ ਕੀਤੀ ਗਈ। ਪੰਜਾਬ ਸਟੂਡੈਂਟਸ ਯੂਨੀਅਨ ਦੀ ਵਿਦਿਆਰਥੀ ਜਥੇਬੰਦੀ ਨੂੰ ਲਾਮਬੰਦ ਕਰਨ ਲਈ ਤਿੰਨ ਮੈਂਬਰੀ ਟੀਮ ( ਜਗਜੀਤ ਭੁਟਾਲ ਨਾਮਦੇਵ ਭੁਟਾਲ ਅਤੇ ਮੇਜਰ ਮੱਟਰਾਂ ) ਦੀ ਡਿਊਟੀ ਲਗਾਈ ਗਈ। ਸੰਗਰਾਮੀ ਘੋਲਾਂ ਦੌਰਾਨ ਇਲਾਕੇ ਦਾ ਨਾਮ ਸਮੁੱਚੇ ਪੰਜਾਬ ਦੀ ਫਿਜ਼ਾਵਾਂ ਵਿੱਚ ਗੂੰਜਣ ਲੱਗਿਆ। ਮਿਸਾਲੀ ਘੋਲਾਂ ( ਪ੍ਰਿਥੀਪਾਲ ਰੰਧਾਵਾ ਘੋਲ 1979 ਬਸ ਕਿਰਾਇਆ ਘੋਲ 1980 ) ਦੌਰਾਨ ਹਜ਼ਾਰਾਂ ਦੀ ਗਿਣਤੀ ਵਿਚ ਇਹਨਾਂ ਘੋਲਾਂ ਵਿਚ ਲੋਕਾਂ ਦੀ ਸ਼ਮੂਲੀਅਤ ਕਰਵਾਈ ਗਈ। ਨਾਮਦੇਵ ਭੁਟਾਲ ਅਤੇ ਸਾਥੀਆਂ ਦੀ ਬਦੌਲਤ ਇਹ ਇਲਾਕਾ ਪੰਜਾਬ ਚੋਂ ਪਹਿਲੇ ਨੰਬਰ ਤੇ ਆਇਆ। ਕਿਰਾਇਆ ਘੋਲ ਵੇਲੇ ਛਾਜਲੀ ਗੋਲੀ ਕਾਂਡ ਪ੍ਰਮੁੱਖ ਰਿਹਾ। ਨਾਮਦੇਵ ਭੁਟਾਲ ਜਗਜੀਤ ਭੁਟਾਲ ਸਮੇਤ ਨੌਂ ਬੰਦਿਆਂ ਤੇ ਝੂਠੇ ਪੁਲਿਸ ਮੁਕੱਦਮੇ ਦਰਜ ਕੀਤੇ ਗਏ ਅਤੇ ਤਿੰਨ ਸਾਲ ਚੱਲੇ ਇਹਨਾਂ ਝੂਠੇ ਪੁਲਿਸ ਮੁੱਕਦਮਿਆਂ ਵਿਚੋਂ ਬਾਇੱਜਤ ਬਰੀ ਹੋਏ।
ਉਸਦੇ ਜਿਗਰੀ ਦੋਸਤ ਜਗਜੀਤ ਭੁਟਾਲ ਨੇ ਕਿਹਾ '"ਨਾਮਦੇਵ ਮੇਰਾ ਬਚਪਨ ਦਾ ਦੋਸਤ ਸੀ। ਮੈਂ ਤੇ ਨਾਮਦੇਵ ਨੇ ਸਕੂਲ ਵਿੱਚ ਇਕੱਠਿਆਂ ਹੀ ਦਾਖਲਾ ਲਿਆ। ਇਕੱਠੇ ਹੀ ਖੇਡਦੇ ਇਕੱਠੇ ਹੀ ਪੜ੍ਹਦੇ। ਉਦੋਂ ਹੀ ਸਾਡੀ ਗਹਿਰੀ ਦੋਸਤੀ ਬਣ ਗਈ ਸੀ। ਜੇਠ ਹਾੜ ਦੀਆਂ ਤਪਦੀਆਂ ਧੁੱਪਾਂ ਦਾ ਸੇਕ ਵੀ ਇਕੱਠਿਆਂ ਝੱਲਿਆ ਤੇ ਪੋਹ ਮਾਘ ਦੀਆਂ ਰਾਤਾਂ ਦੀ ਬਰਫੀਲੀ ਠੰਢ ਵੀ। ਸਾਡਾ ਪੱਕਾ ਯਾਰਾਨਾ ਸੀ ਧੁੱਪ ਮੇਰੇ ਤੇ ਪੈਂਦੀ ਸੀ ਪਰਛਾਵਾਂ ਉਸਦਾ ਦਿਖਾਈ ਦਿੰਦਾ ਸੀ। ਜ਼ਿੰਦਗੀ ਦੀਆਂ 64 ਰੁੱਤਾਂ ਤੇ ਬਹਾਰਾਂ ਦਾ ਅਸੀਂ ਇਕੱਠਿਆਂ ਨਿੱਘ ਮਾਣਿਆ ਪਰ ਇਸ ਵਾਰ ਇਹ ਰੁੱਤ ਪਤਝੜ ਲੈ ਕੇ ਆਵੇਗੀ ਇਸ ਦਾ ਚਿੱਤ ਚੇਤਾ ਵੀ ਨਹੀਂ ਸੀ। ਮੇਰੇ ਨੈਣਾਂ ਦਾ ਸਤਲੁਜ ਮੇਰੇ ਹਾਸਿਆਂ ਤੇ ਹੌਕਿਆਂ ਨੂੰ ਸੈਲਾਬ ਦੀ ਤਰ੍ਹਾਂ ਵਹਾ ਕੇ ਲੈ ਗਿਆ।ਨਾਮਦੇਵ ਭੁਟਾਲ ਮੇਰੇ ਦਰਦਾਂ ਦੀ ਮੱਲ੍ਹਮ ਸੀ। ਉਸਦੀ ਮੌਤ ਨੇ ਮੈਨੂੰ ਡੂੰਘਾ ਦਰਦ ਦਿੱਤਾ। ਇਹ ਜ਼ਖ਼ਮ ਜਲਦੀ ਕੀਤਿਆਂ ਭਰਨ ਵਾਲੇ ਨਹੀਂ। ਇਹ ਫੱਟ ਕਿਸੇ ਨੂੰ ਦਿਖਦੇ ਤਾਂ ਨਹੀਂ ਪਰ ਦੁਖਦੇ ਬਹੁਤ ਹਨ। ਉਹ ਮੇਰੇ ਹਰ ਸੁੱਖ ਦੁੱਖ ਵਿਚ ਸ਼ਰੀਕ ਹੁੰਦਾ ਸੀ। ਉਹ ਮੇਰੇ ਦਿਲ ਦੀਆਂ ਰਮਜਾਂ ਨੂੰ ਪਛਾਣਦਾ ਸੀ। ਮੇਰੇ ਆਉਂਦੇ ਜਾਂਦੇ ਸਾਹਾਂ ਦੀ ਗਿਣਤੀ ਨੂੰ ਜਾਣਦਾ ਸੀ। ਉਹ ਗਹਿਰਾਈ ਨਾਲ ਮੇਰੇ ਮਨ ਨੂੰ ਵੀ ਸਮਝਦਾ ਸੀ ਤੇ ਮੇਰੇ ਮੌਨ ਨੂੰ ਵੀ। ਉਹ ਮੇਰੀ ਰੂਹ ਦਾ ਰਾਜ਼ਦਾਰ ਸੀ। ਐਸੇ ਕਦਰਦਾਨ ਦੋਸਤ ਬੜੀ ਕਿਸਮਤ ਨਾਲ ਮਿਲਦੇ ਹਨ। ਨਾਮਦੇਵ ਦੀ ਮੌਤ ਤੋਂ ਬਾਅਦ ਮੇਰੀ ਰੂਹ ਦੁਹੱਥੜੇ ਮਾਰ ਕੇ ਰੋਈ। ਪਰ ਜਿੰਨਾਂ ਰਾਹਾਂ ਤੇ ਉਹ ਤੁਰ ਗਿਆ ਉਹਨਾਂ ਰਾਹਾਂ ਦਾ ਕੋਈ ਸਿਰਨਾਵਾਂ ਨਹੀਂ। ਜਿਵੇਂ ਅੰਬਰੋਂ ਟੁੱਟੇ ਤਾਰੇ ਦਾ ਕੋਈ ਟਿਕਾਣਾ ਨਹੀਂ ਹੁੰਦਾ।"
ਨਾਮਦੇਵ ਭੁਟਾਲ ਪ੍ਰਾਇਮਰੀ ਪੱਧਰ ਤੋਂ ਲੈ ਕੇ ਕਾਲਜ ਪੱਧਰ ਤੱਕ ਕਬੱਡੀ ਦਾ ਵਧੀਆ ਖਿਡਾਰੀ ਰਿਹਾ। ਉਹਨਾਂ ਦਾ ਵਿਆਹ ਪਿੰਡ ਪੂਹਲੇ ਦੀ ਧੀ ਜਸਵੰਤ ਕੌਰ ਨਾਲ 16 ਜੂਨ 1985 ਨੂੰ ਬਿਨਾਂ ਦਾਜ ਦਹੇਜ ਦੇ ਹੋਇਆ। ਉਹਨਾਂ ਨੇ ਸਹਿਕਾਰੀ ਮਹਿਕਮੇ ਵਿਚ 32 ਸਾਲ ਨੌਕਰੀ ਕੀਤੀ। ਆਪਣੀਆਂ ਸ਼ਾਨਦਾਰ ਸੇਵਾਵਾਂ ਨਿਭਾਉਂਦਿਆਂ 31-01-2013 ਨੂੰ ਪਿੰਡ ਡੂਡੀਆਂ ਦੀ ਸੋਸਾਇਟੀ ਵੱਲੋਂ ਵਿਦਾਇਗੀ ਲਈ। ਸਹਿਕਾਰੀ ਲਹਿਰ ਵਿਚਲੇ ਸੰਘਰਸ਼ਾਂ ਦੌਰਾਨ ਵੀ ਉਹਨਾਂ ਦਾ ਵੱਡਮੁੱਲਾ ਯੋਗਦਾਨ ਰਿਹਾ। ਨਾਮਦੇਵ ਭੁਟਾਲ ਇੱਕ ਦਹਾਕੇ ਤੋਂ ਜਮਹੂਰੀ ਅਧਿਕਾਰ ਸਭਾ ਪੰਜਾਬ ਇਕਾਈ ਸੰਗਰੂਰ ਦੇ ਪ੍ਰਧਾਨ ਵਜੋਂ ਅਤੇ ਲੋਕ ਚੇਤਨਾ ਮੰਚ ਲਹਿਰਾਗਾਗਾ ਦੇ ਪ੍ਰਮੁੱਖ ਅਹੁਦੇਦਾਰ ਵਜੋਂ ਕੰਮ ਕਰ ਰਹੇ ਸਨ। ਨਾਮਦੇਵ ਭੁਟਾਲ ਵਿਗਿਆਨਕ ਸੋਚ ਨਾਲ ਜੁੜੇ ਹੋਏ ਇਨਸਾਨ ਸਨ। ਉਹਨਾਂ ਨੇ ਜਿਉਂਦੇ ਜੀਅ ਆਪਣਾ ਜੀਵਨ ਲੋਕਾਂ ਲੇਖੇ ਲਾਇਆ ਤੇ ਮਰਨ ਉਪਰੰਤ ਸਰੀਰ ਪ੍ਰਦਾਨ ਕਰਕੇ ਮੈਡੀਕਲ ਖੋਜਾਂ ਕਾਰਜਾਂ ਦੇ ਲੇਖੇ। ਨਾਮਦੇਵ ਭੁਟਾਲ ਕਲਾਂ ਦੀ ਦੂਸਰੀ ਬਰਸੀ 7 ਦਿਸੰਬਰ ਨੂੰ ਪਿੰਡ ਭੁਟਾਲ ਕਲਾਂ ਕ੍ਰਿਸ਼ਨ ਦੇਵ ਯਾਦਗਾਰੀ ਪੈਲੇਸ ਭੁਟਾਲ ਕਲਾਂ ਵਿਖੇ ਮਨਾਈ ਜਾਵੇਗੀ।

# ਭੰਗਾਣੀ ਦੇ ਸ਼ਹੀਦ****



ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

ਨੌਂਵੇਂ ਗੁਰੂ ਦੀ ਸ਼ਹੀਦੀ ਦਾ ਅਸਰ ਦਸਮ ਪਾਤਸ਼ਾਹ ਦੇ ਮਨ ਤੇ ਬਹੁਤ ਹੋਇਆ। ਉਹਨਾਂ ਨੇ ਜ਼ੁਲਮ,ਜਬਰ ਤੇ ਵਧੀਕੀ ਦਾ ਟਾਕਰਾ ਕਰਨ ਲਈ ਨਿੱਗਰ ਪ੍ਰੋਗਰਾਮ ਸੋਚਣਾ ਸ਼ੁਰੂ ਕਰ ਦਿੱਤਾ। ਆਉਂਦੇ ਸਮੇਂ ਦੀ ਹਾਲਤ ਦੇ ਟਾਕਰੇ ਲਈ ਤਿਆਰੀ ਕਰਨ ਤੇ ਵਿਉਂਤ ਬਣਾਈ ਵਾਸਤੇ ਆਪ ਅਨੰਦਪੁਰ ਸਾਹਿਬ ਤੋਂ ਚਲ ਕੇ ਨਾਹਨ ਰਾਜ ਵਿਚ ਪਹੁੰਚੇ ਤੇ ਉਥੇ ਪਾਉਂਟੇ ਵਾਲੀ ਥਾਂ ਤੋਂ ਜਮਨਾ ਦੇ ਕੰਢੇ ਤੇ ਡੇਰੇ ਲਾ ਲਏ। ਇਸ ਰਿਆਸਤ ਦੇ ਰਾਜਾ ਮੇਦਨੀ ਪ੍ਰਕਾਸ਼ ਨੇ ਆਪ ਦਾ ਸ਼ਾਨਦਾਰ ਸੁਆਗਤ ਕੀਤਾ। ਇਛਾ ਅਨੁਸਾਰ ਕਿਲ੍ਹਾ ਤਿਆਰ ਕਰਵਾ ਦਿੱਤਾ।
ਗੁਰੂ ਸਾਹਿਬ ਨੇ ਕੁਦਰਤ ਦੇ ਸੁੰਦਰ ਨਜ਼ਾਰਿਆਂ ਦਰਿਆ ਦੇ ਸ਼ਾਂਤ ਸੀਤਲ ਕੰਢੇ ਤੇ ਹਰਿਆਵਲ ਦੇ ਚੁਤਰਫੇ ਵਿਚ ਬੈਠ ਕੇ ਪਹਿਲਾਂ ਭਾਰਤ ਦੇ ਸਾਰੇ ਪੁਰਾਤਨ ਸਾਹਿਤ, ਧਾਰਮਿਕ ਫ਼ਿਲਾਸਫ਼ੀ ਤੇ ਹਰ ਪ੍ਰਕਾਰ ਦੀਆਂ ਰਚਨਾਵਾਂ ਦਾ ਅਧਿਅਨ ਕੀਤਾ ।ਫਿਰ ਆਪ ਰਚਨਾਵਾਂ ਕੀਤੀਆਂ। ਬਹੁਤ ਸਾਰੀਆਂ ਰਚਨਾਵਾਂ ਦੇ ਅਨੁਵਾਦ ਕਰਾਏ
ਇਉਂ ਬਹੁਤ ਨਿੱਗਰ ਤੇ ਅਮਰ ਸਾਹਿਤ ਰਚਨਾ ਵਲ ਧਿਆਨ ਦਿੱਤਾ। ਨਾਲ ਹੀ ਫੋਜ਼ ਦੀ ਭਰਤੀ ਜਾਰੀ ਕਰ ਦਿੱਤੀ ਬਹੁਤ ਸਾਰੇ ਜਵਾਨ ਭਰਤੀ ਹੋਏ।
ਸਾਢੌਰੇ ਦਾ ਪੀਰ ਬੁੱਧੂਸ਼ਾਹ ਆਪ ਦੇ ਦਰਸ਼ਨ ਕਰਨ ਲਈ ਆਇਆ ਤੇ ਦਰਸ਼ਨ ਕਰਕੇ ਪੱਕਾ ਸ਼ਰਧਾਲੂ ਬਣ ਗਿਆ। ਉਹਨੇ ਪੰਜ ਸੌ ਪਠਾਣਾਂ ਦੀ ਫੋਜ਼ ਗੁਰੂ ਸਾਹਿਬ ਕੋਲ ਭਰਤੀ ਕਰਵਾ ਦਿੱਤੀ।
ਜਦੋਂ ਗੁਰੂ ਗੋਬਿੰਦ ਸਿੰਘ ਜੀ ਸ਼ਿਕਾਰ ਖੇਡਣ ਲਈ ਜਾਂਦੇ ਤਾਂ ਆਪ ਦੀ ਸ਼ਾਹੀ ਸ਼ਾਨ ਹੁੰਦੀ। ਦੀਵਾਨ ਲਗਦੇ ਤਾਂ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਦੂਰੋਂ ਦੂਰੋਂ ਆਉਂਦੇ। ਇਕ ਵਾਰ ਜਿਹੜਾ ਵੀ ਦਰਸ਼ਨ ਕਰ ਲੈਂਦਾ ਉਹ ਫਿਰ ਸਦਾ ਲਈ ਇਸੇ ਦਰ ਦਾ ਹੋ ਜਾਂਦਾ। ਗੁਰੂ ਗੋਬਿੰਦ ਸਿੰਘ ਜੀ ਦੀ ਵਧਦੀ ਤਾਕਤ ਵੇਖ ਕੇ ਸਾਰੇ ਪਹਾੜੀ ਰਾਜੇ ਘਬਰਾਉਣ ਵਗ ਪਏ,ਏ। ਉਹਨਾਂ ਨੂੰ ਡਰ ਪੈਦਾ ਹੋ ਗਿਆ ਕਿ ਇਹ ਤਾਂ ਜਦ ਚਾਹੁਣਗੇ ਸਾਡੇ ਤੋਂ ਰਾਜ ਖੋਹ ਲੈਣਗੇ। ਦਿਨੋਂ ਦਿਨ ਸ਼ਰਧਾਲੂਆਂ ਦੀ ਗਿਣਤੀ ਵੱਧ ਰਹੀ ਸੀ। ਖਾਸ ਕਰਕੇ ਭੀਮਚੰਦ, ਰਾਜਾ ਜੋਂ ਕਿ ਕਹਿਲੂਰ ਰਾਜ ਦਾ ਮਾਲਕ ਸੀ ਬਹੁਤ ਹੀ ਔਖਾ ਸੀ ।ਉਹਦੀ ਸਰਹੱਦ ਨਾਲ ਲੱਗਦੀ ਸੀ। ਉਹਦੇ ਯਤਨ ਕੀਤਾ ਕਿ ਗੁਰੂ ਸਾਹਿਬ ਉਹਦੀ ਹਨ ਮੰਨ ਕੇ ਰਹਿਣ ਤੇ ਆਪਣੀ ਤਾਕਤ ਹੋਰ ਨਾ ਵਧਾਉਣ ਪਰ ਇਹ ਗੱਲ ਕਿਵੇਂ ਮੰਨੀ ਜਾ ਸਕਦੀ ਸੀ। ਇਸ ਲਈ ਉਸਨੇ ਤਲਵਾਰ ਦੇ ਜ਼ੋਰ ਨਾਲ ਆਪਣਾ ਰੋਹਬ ਜਮਾਂ ਦੀ ਠਾਣ ਲਈ ਅਤੇ ਜੰਗ ਦੀਆਂ ਤਿਆਰੀਆਂ ਕਰਨ ਵਿਚ ਰੁਝ ਗਿਆ।
ਜਨਵਰੀ1686 ਵਿਚ ਭੀਮ ਚੰਦ ਦੇ ਲੜਕੇ ਦਾ ਫਤਹ ਸ਼ਾਹ ਰਾਜੇ ਦੀ ਲੜਕੀ ਨਾਲ ਵਿਆਹ ਸੀ ਤੇ ਇਸ ਸਮੇਂ ਸਾਰੇ ਪਹਾੜੀ ਇਲਾਕੇ ਬਾਈਧਾਰ ਦੇ ਰਾਜੇ ਫੌਜਾਂ ਸਮੇਤ ਇੱਕਠੇ ਹੋਏ ਸਨ। ਕੁਝ ਜੰਞ ਭੀਮ ਚੰਦ ਲੈਣ ਕੇ ਆਇਆ ਤੇ ਕੁਝ ਫਤਹ ਸ਼ਾਹ ਰਾਜੇ ਦੇ ਘਰ ਪਹੁੰਚੇ ਹੋਏ ਸਨ।
ਭੀਮ ਚੰਦ ਨੇ ਸੋਚਿਆ ਇਸ ਤੋਂ ਚੰਗਾ ਵਕਤ ਹੋਰ ਨਹੀਂ ਮਿਲਣਾ। ਫਿਰ ਸਾਰੇ ਰਾਜਿਆਂ ਦਾ ਇੱਕਠ ਹੋਣਾ ਮੁਸ਼ਕਲ ਹੈ ਇਸ ਲਈ ਕਿਉਂ ਨਾ ਚੜ੍ਹਾਈ ਕਰ ਦਿੱਤੀ ਜਾਏ। ਇਸ ਨਾਲ ਇਕ ਤਾਂ ਆਪਣਾ ਖਤਰਾ ਟਲ ਜਾਏਗਾ ਦੂਜਾ ਮੁਗਲ ਸਰਕਾਰ ਵੀ ਸਾਡੇ ਤੋਂ ਖੁਸ਼ ਹੋ ਜਾਏਗੀ। ਔਰਗਜ਼ੇਬ ਜਿਸ ਨੇ ਗੁਰੂ ਤੇਗ ਬਹਾਦਰ ਨੂੰ ਦਿੱਲੀ ਵਿਚ ਸ਼ਹੀਦ ਕੀਤਾ ਏ ਉਹ ਤਾਂ ਖਾਸ ਤੌਰ ਤੇ ਪ੍ਰਸੰਨ ਹੋ ਜਾਏਗਾ।
ਭੀਮ ਚੰਦ ਦੀ ਅਗਵਾਈ ਵਿਚ ਸਾਰੇ ਰਾਜਿਆਂ ਨੇ ਗੁਰੂ ਸਾਹਿਬ ਤੇ ਚੜ੍ਹਾਈ ਕਰ ਦਿੱਤੀ। ਉਨ੍ਹਾਂ ਗੁਰੂ ਸਾਹਿਬ ਦੀ ਫ਼ੌਜ ਦੇ ਪੰਜ ਸੌ ਪਠਾਣਾਂ ਨਾਲ ਗਠਜੋੜ ਕਰ ਲਿਆ ਤੇ ਐਨ ਜਦ ਗੁਰੂ ਸਾਹਿਬ ਨੇ ਫੌਜ ਨੂੰ ਮੁਕਾਬਲੇ ਲਈ ਤਿਆਰੀ ਦਾ ਹੁਕਮ ਦਿੱਤਾ ਤਾਂ ਉਹ ਪੰਜ ਸੌ ਪਠਾਣਾਂ ਨੌਕਰੀ ਛੱਡ ਕੇ ਚਲੇ ਗਏ ਤੇ ਫਿਰ ਪਹਾੜੀ ਰਾਜਿਆਂ ਨਾਲ ਜਾ ਮਿਲੇ। ਬਹੁਤ ਸਾਰੇ ਉਦਾਸੀ ਗੁਰੂ ਸਾਹਿਬ ਦੇ ਡੇਰੇ ਰਹਿੰਦੇ ਉਹ ਵੀ ਸਾਰੇ ਚੱਲੇ ਗਏ।
ਪਰ ਗੁਰੂ ਸਾਹਿਬ ਤੇ ਉਨ੍ਹਾਂ ਦੇ ਸਿਰਲੱਥ ਯੋਧਿਆਂ ਤੇ ਇਸ ਗੱਲ ਦਾ ਕੋਈ ਅਸਰ ਨਾ ਪਿਆ। ਉਹ ਆਪਣਾ ਸੀਸ ਦੀ ਤੇ ਰੱਖ ਕੇ ਲੜਨ ਮਰਨ ਲਈ ਤਿਆਰ ਸਨ। ਇਸ ਲਈ ਕਿਸੇ ਨੂੰ ਕੋਈ ਚਿੰਤਾ ਨਹੀਂ ਸੀ ਕਿ ਪਹਾੜੀ ਰਾਜਿਆਂ ਦੀ ਇੱਕਠੀ ਤਾਕ ਇਤਨੀ ਵਧ ਜਾਏਗੀ ਤੇ ਉਸ ਦਾ ਮੁਕਾਬਲਾ ਕਿਸ ਤਰ੍ਹਾਂ ਕਰਾਂ ਗੇ। ਅਕਾਲ ਪੁਰਖ ਤੇ ਭਰੋਸਾ ਗੁਰੂ ਤੇ ਵਿਸ਼ਵਾਸ ਤੇ ਚੰਗੇ ਆਦਰਸ਼ ਲਈ ਕੁਰਬਾਨੀ ਦੇ ਚਾਅ ਨਾਲ ਜੰਗ ਦੇ ਮੈਦਾਨ ਵਿਚ ਨਿਤਰ ਗਏ,ਏ। ਪੀਰ ਬੁੱਧੂਸ਼ਾਹ ਨੂੰ ਜਦ ਪਤਾ ਲਗਾ ਪੰਜ ਸੌ ਪਠਾਣਾਂ ਨੇ ਗੁਰੂ ਸਾਹਿਬ ਨਾਲ ਗ਼ਦਾਰੀ ਕੀਤੀ ਤੇ ਉਹ ਸੱਤ ਸੌ ਚੇਲੇ ਤੇ ਆਪਣੇ ਪੁੱਤਰਾ ਸਮੇਤ ਪਹੁੰਚ ਗਿਆ। ਭੰਗਾਣੀ ਦੇ ਮੈਦਾਨ ਵਿਚ ਲੜ੍ਹਾਈ ਸ਼ੁਰੂ ਹੋਈ। ਦਸਮ ਪਾਤਸ਼ਾਹ ਆਪ ਕਮਰਕੱਸਾ ਕਰ ਕੇ ਤੀਰਾਂ ਦਾ ਮੱਥਾ ਬੰਨ੍ਹ ਕੇ ਮੌਂਢੇ ਤੇ ਕਮਾਨ ਧਰ ਕੇ ਘੋੜੇ ਤੇ ਸਵਾਰ ਹੋ ਗਏ। ਮਾਮਾ ਕ੍ਰਿਪਾਲ ਜੀ ਦਯਾ ਰਾਮ ਪ੍ਰੋਹਿਤ, ਭਾਈ ਜੀਤ ਮੱਲ ਤੇ ਭਾਈ ਸੰਗੋ ਗੁਰੂ ਸਾਹਿਬ ਦੀ ਫ਼ੌਜ ਦੇ ਮੁਖ ਸੈਨਾਪਤੀ ਸਨ। ਸਭ ਨੇ ਲੜਾਈ ਦੇ ਮੈਦਾਨ ਵਿਚ ਆਪਣੀ ਆਪਣੀ ਥਾਂ ਤੇ ਕੰਮ ਸੰਭਾਲ ਲਏ।
ਗੁਰੂ ਸਾਹਿਬ ਨੇ ਸਭ ਤੋਂ ਪਹਿਲਾਂ ਆਪਣੇ ਜਰਨੈਲ ਸੰਗੋ ਜੀ ਨੂੰ ਹੁਕਮ ਦਿੱਤਾ ਪਹਾੜੀ ਰਾਜਿਆਂ ਦੀ ਫੋਜ਼ ਨੂੰ ਅੱਗੇ ਵਧਣ ਤੋਂ ਰੋਕਿਆ ਜਾਏ।
ਭਾਈ ਸੰਗੋ ਜੀ ਗੁਰੂ ਸਾਹਿਬ ਜੀ ਦਾ ਪਹਿਲੀਆਂ ਸਿੱਖ ਸੀ ਕਿਤਨੇ ਸਾਲਾਂ ਤੋਂ ਗੁਰੂ ਸਾਹਿਬ ਨਾਲ ਰਹਿੰਦਾ ਸੀ ਤੇ ਸ਼ਸ਼ਤਰ ਵਿਦਿਆ ਦਾ ਚੰਗਾ ਜਾਣੂ ਸੀ। ਨਾਮ ਬਾਣੀ ਪੜ੍ਹਣ ਵਾਲਾ ਸੋਹਣਾ ਗਭਰੂ ਜਵਾਨ ਸੀ। ਉਹਨੇ ਅੱਗੇ ਵੱਧ ਕੇ ਅਜਿਹੀਆਂ ਗੋਲੀਆਂ ਦੀ ਵਰਖਾ ਕੀਤੀ ਲਾਸ਼ਾਂ ਦਾ ਢੇਰ ਲੱਗ ਗਿਆ। ਤੇ ਦੁਸ਼ਮਣ ਪਿੱਛੇ ਹਟਣ ਲਗ ਪਏ। ਭੀਖੀ ਖਾਨ ਪਠਾਣ ਆਪਣੇ ਜਥੇ ਨੂੰ ਲੈਣ ਕੇ ਅਗੇ ਵਧਿਆ ਤੇ ਭਾਈ ਸੰਗੋ ਜੀ ਨੂੰ ਘੇਰੇ ਵਿਚ ਲੈਣ ਲਿਆ ਪਰ ਨੰਦ ਚੰਦ ਜੀ ਨੇ ਘੇਰਾ ਤੋੜ ਦਿੱਤਾ। ਝੱਟ ਲਾਸ਼ਾਂ ਦੇ ਢੇਰ ਲਗਾ ਦਿੱਤੇ। ਜ਼ਮੀਨ ਮਨੁੱਖੀ ਖੂਨ ਨਾਲ ਲਾਲ ਹੋਈ।
ਨਜਾਬਤ ਖਾਨ ਨਾਲ ਸਾਹਮਣੇ ਤਲਵਾਰ ਦੀ ਲੜਾਈ ਕਰਦਿਆਂ ਭਾਈ ਸੰਗੋ ਜੀ ਨੇ ਅਜਿਹਾ ਵਾਰ ਕੀਤਾ ਕਿ ਪੰਜਾਬ ਖਾਨ ਮਰ ਗਿਆ ਪਰ ਉਸ ਨੇ ਮਰਨ ਤੋਂ ਪਹਿਲਾਂ ਆਪਣੇ ਅਖੀਰਲੇ ਵਾਰ ਨਾਲ ਭਾਈ ਸੰਗੋ ਜੀ ਨੂੰ ਅਜਿਹੀ ਸੱਟ ਮਾਰੀ ਕਿ ਉਹ ਜੰਗ ਮੈਦਾਨ ਵਿਚ ਸ਼ਹੀਦ ਹੋ ਗਏ।
ਇਸ ਜੰਗ ਵਿਚ ਦੂਜਾ ਸ਼ਹੀਦ ਜੀਤ ਮੱਲ ਸੀ। ਇਕ ਪਾਸੇ ਦੇ ਮੋਰਚੇ ਵਿਚ ਸਾਰੀ ਜ਼ਿੰਮੇਵਾਰੀ ਜੀਤ ਮੱਲ ਦੀ ਸੀ। ਉਹਨਾਂ ਦੇ ਟਾਕਰੇ ਦੇ ਉੱਘੇ ਬਾਈਧਾਰ ਰਾਜਾ ਹਰੀ ਚੰਦ ਸੀ। ਜਿਸ ਨੂੰ ਆਪਣੀ ਤਾਕਤ ਤੇ ਬਹੁਤ ਮਾਣ ਸੀ। ਰਾਜਾ ਹਰੀ ਚੰਦ ਜਿਸ ਨੂੰ ਆਪਣੀ ਸ਼ਸਤਰ ਚਲਾਉਣ ਵਿਚ ਮਾਹਿਰ ਸੀ ਅਗੋਂ ਜੀਤ ਮੱਲ ਵੀ ਵਟ ਨਹੀਂ ਸਨ। ਦੋਵਾਂ ਪਾਸਿਓ ਫੌਜ ਦੀ ਝੱਟ ਕੁਝ ਲੜਾਈ ਪਿਛੋਂ ਦੋਨੋਂ ਸਾਹਮਣੇ ਆ ਗਏ ਆਪਸ ਵਿਚ ਯੁਧ ਦਾ ਨਿਪਟਾਰਾ ਕਰਨ ਲਈ। ਜੀਤ ਮੱਲ ਨੇ ਗੁੱਸੇ ਨਾਲ ਤੀਰ ਮਾਰਿਆ। ਉਧਰੋਂ ਹਰੀ ਚੰਦ ਨੇ ਵੀ ਤੀਰਾਂ ਦੀ ਵਰਖਾ ਕਰ ਦਿੱਤੀ
ਦੋਹਾਂ ਦੇ ਘੋੜੇ ਜ਼ਖ਼ਮੀ ਹੋਕੇ ਡਿੱਗ ਪਏ।ਫਿਰ ਦੋਨੋਂ ਸੂਰਮੇ ਪੈਦਲ ਹੋਕੇ ਲੜਨ ਲੱਗ ਪਏ। ਕਾਫੀ ਸਮੇਂ ਦੀ ਲੜਾਈ ਪਿਛੋਂ ਰਾਜਾ ਹਰੀ ਚੰਦ ਤੇ ਜਰਨੈਲ ਜੀਤ ਮੱਲ ਸ਼ਹੀਦ ਹੋਏ।
ਇਸੇ ਲੜਾਈ ਵਿਚ ਪੀਰ ਬੁੱਧੂਸ਼ਾਹ ਨੇ ਆਪਣੇ ਚੇਲਿਆਂ ਤੇ ਪੁਤਰਾਂ ਬਹੁਤ ਵੱਡੀ ਕੁਰਬਾਨੀ ਦਿੱਤੀ। ਇਨ੍ਹਾਂ ਸੂਰਬੀਰਾਂ ਦੀ ਘਾਲਣਾ ਦਾ ਸਦਕਾ ਜੰਗ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਜਿੱਤ ਹੋਈ। ਸਾਰੇ ਪਹਾੜੀ ਰਾਜਿਆਂ ਦੀ ਜ਼ਬਰਦਸਤ ਹਾਰ ਹੋਈ।
ਗੁਰੂ ਗੋਬਿੰਦ ਸਿੰਘ ਜੀ ਨੇ ਜੀਵਨ ਵਿਚ ਬਹੁਤ ਯੁੱਧ ਕੀਤੇ ਪਰ ਜੰਗ ਭੰਗਾਣੀ ਦੀ ਇਤਿਹਾਸਕ ਮਹਾਨਤਾ ਬਹੁਤ ਹੈ। ਖਾਲਸਾ ਪੰਥ ਦੀ ਸਾਜਨਾ ਤੈ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਤੋਂ 11
ਸਾਲ ਪਿਛੋਂ ਇਸ ਮਹਾਨ ਯੁੱਧ ਵਿਚ ਸਫਲਤਾ ਹੋਈ। ਉਹ ਇਤਿਹਾਸ ਵਿਚ ਹਮੇਸ਼ਾ ਯਾਦ ਰਖੀਂ ਜਾਏਗੀ। ਜੋਂ ਇਸ ਯੁੱਧ ਵਿਚ ਸ਼ਹੀਦ ਹੋਏ ਉਹ ਹਮੇਸ਼ਾ ਲਈ ਅਮਰ ਹੋਏ।
ਖਾਸ ਕਰਕੇ ਪੀਰ ਬੁੱਧੂਸ਼ਾਹ ਭਾਈ ਜੀਤ ਮੱਲ, ਭਾਈ ਸੰਗੋ ਜੀ ਦੀ ਕੁਰਬਾਨੀ ਹਮੇਸ਼ਾ ਬੀਰ ਰਸ ਉਪਜਾਉਣ ਲਈ ਵਾਰਾਂ ਦਾ ਪ੍ਰਸੰਗ ਬਣਦੇ ਰਹਿਣਗੇ।